BC Centre for Disease Control
Provincial Health Services Authority

SMARTSEX RESOURCE

# ਟ੍ਰਾਈਕੋਮੋਨਿਐਸਿਸ Trichomoniasis

ਟ੍ਰਾਈਕੋਮੋਨਿਐਸਿਸ ਜਿਨਸੀ ਸੰਬੰਧਾਂ ਕਾਰਣ ਹੋਣ ਵਾਲੀ ਲਾਗ ਦੀ ਬਿਮਾਰੀ (ਐੱਸ ਟੀ ਆਈ) ਹੈ ਜੋ ਟ੍ਰਾਈਕੋਮੋਨਾਸ ਵੈਜੀਨੈਲਿਸ ਨਾਂ ਦੇ ਉਪਜੀਵ ਕਾਰਣ ਹੁੰਦੀ ਹੈ। ਇਹ ਲਾਗ ਪੁਰਸ਼-ਇੰਦਰੀ ਦੇ ਅੰਦਰ ਜਾਂ ਬਹਾਰੀ ਗੁਪਤ ਅੰਗਾਂ ਵਿੱਚ, ਔਰਤ ਦੀ ਯੋਨੀ ਜਾਂ ਅੰਦਰੂਨੀ ਗੁਪਤ ਅੰਗਾਂ ਵਿੱਚ ਲਗ ਸਕਦੀ ਹੈ। ਇਹ ਉਪਜੀਵ ਸਰੀਰ ਦੇ ਤਰਲ ਪਦਾਰਥਾਂ ਜਿਵੇਂ ਕਿ ਵੀਰਜ, ਪੁਰਸ਼ ਦੀ ਇੰਦਰੀ ਵਿੱਚੋਂ ਵੀਰਜ ਛੁਟਣ ਤੋਂ ਪਹਿਲਾਂ ਆਉਣ ਵਾਲੇ ਤਰਲ ਅਤੇ ਯੋਨੀ ਦੇ ਤਰਲ ਪਦਾਰਥਾਂ ਵਿੱਚ ਵੀ ਮੌਜੂਦ ਹੋ ਸਕਦਾ ਹੈ।

ਟ੍ਰਾਈਕੋਮੋਨਿਐਸਿਸ ਦਾ ਇਲਾਜ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾ ਸਕਦਾ ਹੈ।

## ਕਾਰਣ Causes

ਟ੍ਰਾਈਕੋਮੋਨਿਐਸਿਸ ਯੋਨੀ ਰਾਹੀਂ ਕਾਮੁਕ ਸੰਬੰਧਾਂ ਕਾਰਣ ਫੈਲਦਾ ਹੈ। ਇਸ ਵਿੱਚ ਲਿੰਗ ਨੂੰ ਯੋਨੀ ਅੰਦਰ ਪਾ ਕੇ ਕੀਤਾ ਜਾਣ ਵਾਲਾ ਸੰਭੋਗ ਅਤੇ ਸਰੀਰ ਦੇ ਤਰਲ ਪਦਾਰਥਾਂ ਦੇ ਆਦਾਨ-ਪ੍ਰਦਾਨ ਵਾਲੀਆਂ ਕਾਮੁਕ ਗਤੀਵਿਧੀਆਂ ਸ਼ਾਮਲ ਹਨ। ਕਾਮ ਸੰਬੰਧੀ ਖਿਡੌਣੇ ਆਪਸ ਵਿੱਚ ਸਾਂਝੇ ਕਰਨ ਨਾਲ ਵੀ ਤੁਹਾਨੂੰ ਟ੍ਰਾਈਕੋਮੋਨਿਐਸਿਸ ਹੋ ਸਕਦੀ ਹੈ। ਜੇ ਤੁਹਾਨੂੰ ਟ੍ਰਾਈਕੋਮੋਨਿਐਸਿਸ ਹੋ ਜਾਵੇ ਤਾਂ ਭਾਵੇਂ ਤੁਹਾਡੇ ਵਿੱਚ ਕੋਈ ਲੱਛਣ ਨਾ ਵੀ ਹੋਣ, ਫਿਰ ਵੀ ਦੂਜਿਆਂ ਨੂੰ ਤੁਹਾਡੇ ਤੋਂ ਇਹ ਲਾਗ ਲਗ ਸਕਦੀ ਹੈ।

## ਲੱਛਣ Symptoms

ਜੇ ਤੁਹਾਨੂੰ ਟ੍ਰਾਈਕੋਮੋਨਿਐਸਿਸ ਹੋਵੇ ਤਾਂ ਇਸ ਦੇ ਕੋਈ ਵੀ ਲੱਛਣ ਧਿਆਨ ਵਿੱਚ ਨਾ ਆਉਣੇ ਆਮ ਹਨ। ਜੇ ਤੁਹਾਡੇ ਵਿੱਚ ਲੱਛਣ ਆਉਂਦੇ ਵੀ ਹਨ ਤਾਂ ਉਨ੍ਹਾਂ ਦੇ ਉੱਭਰਨ ਦੇ ਆਸਾਰ ਲਾਗ ਲਗਣ ਦੇ 5 ਤੋਂ 28 ਦਿਨਾਂ ਬਾਅਦ ਹੁੰਦੇ ਹਨ। ਤੁਹਾਡੇ ਲੱਛਣ ਇਸ ਗੱਲ ਉੱਪਰ ਨਿਰਭਰ ਕਰਨਗੇ ਕਿ ਲਾਗ ਤੁਹਾਡੇ ਸਰੀਰ ਉੱਪਰ ਕਿੱਥੇ ਲਗੀ ਹੋਈ ਹੈ। ਇਸ ਦੇ ਆਮ ਲੱਛਣਾਂ ਵਿੱਚ ਹੇਠ ਲਿਖੇ ਲੱਛਣ ਸ਼ਾਮਲ ਹਨ:

- **ਪੁਰਸ਼-ਇੰਦਰੀ/ਅੰਦਰੂਨੀ ਗੁਪਤ ਅੰਗ:** ਪਿਸ਼ਾਬ ਕਰਨ ਸਮੇਂ ਤੁਹਾਨੂੰ ਬੇਚੈਨੀ, ਦਰਦ ਜਾਂ ਪਰੇਸ਼ਾਨੀ ਹੋ ਸਕਦੀ ਹੈ।
- **ਯੋਨੀ/ਅੰਦਰੂਨੀ ਗੁਪਤ ਅੰਗ:** ਤੁਹਾਨੂੰ ਬੇਚੈਨੀ, ਸੋਜਿਸ਼ ਅਤੇ ਅਸਾਧਾਰਣ ਰਿਸਾਵ ਹੋ ਸਕਦਾ ਹੈ। ਤੁਹਾਨੂੰ ਪਿਸ਼ਾਬ ਕਰਨ ਸਮੇਂਦਰਦ ਜਾਂ ਪਰੇਸ਼ਾਨੀ ਹੋ ਸਕਦੀ ਹੈ।

*ਨੋਟ: ਜੇ ਤੁਹਾਡੇ ਸਰੀਰ ਦੇ ਹੇਠਲੇ ਹਿੱਸੇ ਵਿੱਚ ਸਰਜਰੀ ਹੋਈ ਹੈ ਤਾਂ ਤੁਹਾਡੇ ਗੁਪਤ ਅੰਗਾਂ ਦੇ ਲੱਛਣ ਵੱਖਰੇ ਹੋ ਸਕਦੇ ਹਨ।

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਟ੍ਰਾਈਕੋਮੋਨਿਐਸਿਸ ਦੀ ਜਾਂਚ ਵਾਸਤੇ ਟੈਸਟ ਕਰਨ ਲਈ ਤੁਹਾਡੇ ਕੋਲ ਕਈ ਰਾਹ ਹਨ। ਤੁਸੀਂ ਕਿਸ ਤਰ੍ਹਾਂ ਦਾ ਸੰਭੋਗ ਕਰ ਰਹੇ ਹੋ ਉਸ ਮੁਤਾਬਕ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਕੁਝ ਟੈਸਟਾਂ ਦੀ ਸਿਫ਼ਾਰਿਸ਼ ਕੀਤੀ ਜਾਵੇਗੀ। ਆਮ ਤੌਰ 'ਤੇ ਟੈਸਟਿੰਗ ਲਈ ਪਿਸ਼ਾਬ ਦੇ ਸੈਂਪਲ ਜਾਂ ਰੂਈ ਦੇ ਫੈਹੇ ਨਾਲ ਲਏ ਸੈਂਪਲ ਦੀ ਵਰਤੋਂ ਕੀਤੀ ਜਾਂਦੀ ਹੈ।

ਜੇ ਤੁਹਾਡੀ ਯੋਨੀ ਵਿੱਚ ਇਸ ਸੰਬੰਧੀ ਲੱਛਣ ਹੋਣ ਜਾਂ ਜੇ ਤੁਹਾਡੇ ਕਾਮੁਕ ਸਾਥੀ ਵਿੱਚ ਟ੍ਰਾਈਕੋਮੋਨਿਐਸਿਸ ਦੀ ਪਛਾਣ ਕੀਤੀ ਗਈ ਹੈ ਤਾਂ ਤੁਹਾਨੂੰ ਟ੍ਰਾਈਕੋਮੋਨਿਐਸਿਸ ਲਈ ਜਾਂਚ ਕਰਵਾਉਣੀ ਚਾਹੀਦੀ ਹੈ।

## ਇਲਾਜ Treatment

ਟ੍ਰਾਈਕੋਮੋਨਿਐਸਿਸ ਦਾ ਇਲਾਜ ਡਾਕਟਰ ਦੀ ਤਜਵੀਜ਼ ’ਤੇ ਮਿਲਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ। ਆਪਣੀਆਂ ਸਾਰੀਆਂ ਦਵਾਈਆਂ ਨੂੰ ਨਿਰਦੇਸ਼ਾਂ ਮੁਤਾਬਕ ਲੈਣਾ ਜ਼ਰੂਰੀ ਹੈ। ਜੇ ਤੁਸੀਂ ਦਵਾਈ ਦੀਆਂ ਖ਼ੁਰਾਕਾਂ ਲੈਣੀਆਂ ਖੁੰਝਾ ਦਿਓ ਤਾਂ ਹੋ ਸਕਦਾ ਹੈ ਕਿ ਇਹ ਲਾਗ ਠੀਕ ਨਾ ਹੋਵੇ। ਜੇ ਅਜਿਹਾ ਹੋਵੇ ਜਾਂ ਇਲਾਜ ਮੁਕੰਮਲ ਹੋਣ ਤੋਂ ਬਾਅਦ ਵੀ ਤੁਹਾਡੇ ਵਿੱਚ ਲੱਛਣ ਮੌਜੂਦ ਹੋਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ।

ਇਹ ਮਹੱਤਵਪੂਰਣ ਹੈ ਕਿ ਇਲਾਜ ਸ਼ੁਰੂ ਕਰਨ ਤੋਂ ਬਾਅਦ 7 ਦਿਨਾਂ ਤਕ (ਨਿਰੋਧ ਨਾਲ ਵੀ) ਸੰਭੋਗ ਨਾ ਕੀਤਾ ਜਾਵੇ। ਜੇ ਤੁਸੀਂ ਸੰਭੋਗ ਕਰਦੇ ਹੋ ਤਾਂ ਤੁਹਾਡੇ ਨਾਲ ਸੰਭੋਗ ਕਰਨ ਵਾਲੇ ਵਿਅਕਤੀ ਨੂੰ ਟ੍ਰਾਈਕੋਮੋਨਿਐਸਿਸ ਹੋ ਸਕਦੀ ਹੈ ਜਾਂ ਤੁਹਾਨੂੰ ਦੁਬਾਰਾ ਵੀ ਹੋ ਸਕਦੀ ਹੈ। ਜੇ ਅਜਿਹਾ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਟ੍ਰਾਈਕੋਮੋਨਿਐਸਿਸ ਦੇ ਇਲਾਜ ਲਈ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਦਵਾਈਆਂ ਬੀ ਸੀ ਵਿੱਚ ਮੁਫ਼ਤ ਉਪਲਬਧ ਹਨ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰ ਕੇ ਪਤਾ ਕਰੋ ਕਿ ਕੀ ਇਹ ਦਵਾਈਆਂ ਉਨ੍ਹਾਂ ਕੋਲ ਸਟਾਕ ਵਿੱਚ ਉਪਲਬਧ ਹਨ।

## ਕਾਮੁਕ ਸਾਥੀ Sexual Partners

ਪਿਛਲੇ ਦੋ ਮਹੀਨਿਆਂ ਦੌਰਾਨ ਜਿਨ੍ਹਾਂ ਵਿਅਕਤੀਆਂ ਨੇ ਤੁਹਾਡੇ ਨਾਲ ਸੰਭੋਗ ਕੀਤਾ ਹੈ, ਟ੍ਰਾਈਕੋਮੋਨਿਐਸਿਸ ਲਈ ਉਨ੍ਹਾਂ ਦੀ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਬੀਤੇ ਦੋ ਮਹੀਨਿਆਂ ਦੌਰਾਨ ਸੰਭੋਗ ਨਹੀਂ ਕੀਤਾ ਹੈ ਤਾਂ ਉਸ ਵਿਅਕਤੀ ਦਾ ਟੈਸਟ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਤੁਸੀਂ ਪਿਛਲੀ ਵਾਰੀ ਸੰਭੋਗ ਕੀਤਾ ਸੀ।

ਆਪਣੇ ਕਾਮੁਕ ਸਾਥੀਆਂ ਨੂੰ ਇਸ ਬਾਰੇ ਦੱਸਣ ਦੇ ਵੱਖ-ਵੱਖ ਤਰੀਕੇ ਹਨ। ਤੁਸੀਂ ਆਪਣੇ ਕਾਮੁਕ ਸਾਥੀਆਂ ਨੂੰ ਖ਼ੁਦ ਜਾਂ ਗੁਮਨਾਮ ਰਹਿ ਕੇ ਇਸ ਬਾਰੇ ਦੱਸ ਸਕਦੇ ਹੋ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਕਿ ਤੁਹਾਡੇ ਲਈ ਕੀ ਸਹੀ ਹੈ।

## ਉਲਝਣਾਂ Complications

ਜੇ ਟ੍ਰਾਈਕੋਮੋਨਿਐਸਿਸ ਦਾ ਇਲਾਜ ਛੇਤੀ ਕਰ ਲਿਆ ਜਾਵੇ ਤਾਂ ਆਮ ਤੌਰ ’ਤੇ ਕੋਈ ਹੋਰ ਸਿਹਤ ਸਮੱਸਿਆਵਾਂ ਨਹੀਂ ਹੁੰਦੀਆਂ। ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਸ ਕਾਰਣ ਗੰਭੀਰ ਉਲਝਣਾਂ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਵਿੱਚ ਹੇਠ ਲਿਖੀਆਂ ਉਲਝਣਾਂ ਸ਼ਾਮਲ ਹਨ:

- ਤੁਹਾਨੂੰ ਐੱਚ ਆਈ ਵੀ ਹੋਣ ਅਤੇ ਤੁਹਾਡੇ ਤੋਂ ਅੱਗੇ ਫੈਲਣ ਦੇ ਵਧੇਰੇ ਆਸਾਰ
- ਬਾਂਝਪਣ/ਨਪੁੰਸਕਤਾ

**ਗਰਭਵਤੀ ਹੋਣਾ:** ਜੇ ਤੁਸੀਂ ਗਰਭਵਤੀ ਹੋ ਅਤੇ ਤੁਹਾਨੂੰ ਟ੍ਰਾਈਕੋਮੋਨਿਐਸਿਸ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਕਾਰਣ ਗਰਭ ਕਾਲ ਦੌਰਾਨ ਸਮੇਂ ਤੋਂ ਪਹਿਲਾਂ ਝਿੱਲੀ ਫਟਣ ਦਾ ਵਧੇਰੇ ਖ਼ਤਰਾ ਹੁੰਦਾ ਹੈ।

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਜਿਨਸੀ ਸੰਬੰਧਾਂ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ ਟੀ ਆਈ) ਵਾਸਤੇ ਵਿਸ਼ੇਸ਼ ਤੌਰ ’ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ – ਨਿਰੋਧ ਦਾ ਸਹੀ ਇਸਤੇਮਾਲ ਤੁਹਾਨੂੰ ਅਤੇ ਤੁਹਾਡੇ ਤੋਂ ਕਿਸੇ ਹੋਰ ਨੂੰ ਟ੍ਰਾਈਕੋਮੋਨਿਐਸਿਸ ਹੋਣ ਦੇ ਆਸਾਰ ਘਟਾਉਂਦਾ ਹੈ।

## ਵਸੀਲੇ Resources

**HealthLink BC (ਹੈਲਥਲਿੰਕ ਬੀ ਸੀ) – ਟ੍ਰਾਈਕੋਮੋਨਿਐਸਿਸ ਬਾਰੇ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ**

https://www.healthlinkbc.ca/healthlinkbc-files/trichomoniasis

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਟ੍ਰਾਈਕੋਮੋਨਿਐਸਿਸ ਸੰਬੰਧੀ ਫ਼ਿਕਰ ਜਾਂ ਬੇਚੈਨੀ ਹੈ**

https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ ਸੀ) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ-ਉਤਪਤੀ ਸਿਹਤ ਜਾਣਕਾਰੀ**

http://www.phsa.ca/transcarebc/care-support/access-care/sexual-hlth